GENERATION NEW ERA

ਦਾ ਹਿੱਸਾ ਬਣੋ

ਅਧਿਐਨ ਲਈ ਤੁਹਾਡੀ ਗਾਈਡ

ਵਿਸ਼ਾ-ਸੂਚੀ

ਅਧਿਐਨ ਬਾਰੇ 2

ਇਸ ਨਾਲ ਕਿਵੇਂ ਫ਼ਰਕ ਪਵੇਗਾ? 2

ਇਸ ਵਿੱਚ ਕੀ ਸ਼ਾਮਲ ਹੈ? 3

ਪਰਿਵਾਰ ਦੇ ਕਿਹੜੇ ਮੈਂਬਰਾਂ ਨੂੰ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ? 3

ਤੁਹਾਡੇ ਪਰਿਵਾਰ ਨੂੰ ਅਧਿਐਨ ਲਈ ਕਿਵੇਂ ਚੁਣਿਆ ਗਿਆ ਸੀ? 3

ਅਸੀਂ ਖਾਸ ਤੌਰ 'ਤੇ ਤੁਹਾਡੇ ਤੋਂ ਹੀ ਜਾਣਕਾਰੀ ਕਿਉਂ ਲੈਣਾ ਚਾਹੁੰਦੇ ਹਾਂ? 4

ਅਸੀਂ ਤੁਹਾਨੂੰ ਕਿਸ ਬਾਰੇ ਪੁੱਛਾਂਗੇ? 4

ਇੰਟਰਵਿਊ ਕੌਣ ਲੈਂਦਾ ਹੈ? 5

ਜਾਣਕਾਰੀ ਸ਼ਾਮਲ ਕਰਨਾ 5

ਤੁਹਾਡੀ ਜਾਣਕਾਰੀ ਦਾ ਧਿਆਨ ਰੱਖਣਾ 6

ਅਧਿਐਨ ਦਾ ਸੰਚਾਲਨ ਕੌਣ ਕਰਦਾ ਹੈ? 6

ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਅਤੇ ਸੁਰੱਖਿਆ ਕਿਵੇਂ ਕਰਦੇ ਹਾਂ? 6

ਜੇ ਤੁਸੀਂ ਭਾਗ ਨਾ ਲੈਣ, ਜਾਂ ਅਧਿਐਨ ਵਿੱਚੋਂ ਵਿਦਡਰਾਅ ਕਰਨ ਦਾ ਫ਼ੈਸਲਾ ਕਰਦੇ ਹੋ ਤਾਂ ਕੀ ਹੋਵੇਗਾ? 7

ਅਧਿਐਨ ਨੂੰ ਕਿਸਨੇ ਮਨਜ਼ੂਰੀ ਦਿੱਤੀ ਹੈ? 7

ਮਦਦ ਅਤੇ ਸਲਾਹ 8

ਅਧਿਐਨ ਬਾਰੇ

Generation New Era ਪਿਛਲੇ 25 ਸਾਲਾਂ ਵਿੱਚ ਪੂਰੇ UK ਵਿੱਚ ਨਵੇਂ ਜੰਮੇ ਬੱਚਿਆਂ 'ਤੇ ਕੀਤਾ ਜਾਣ ਵਾਲਾ ਪਹਿਲਾ ਨਵਾਂ ਅਧਿਐਨ ਹੈ।

ਇਸ ਸਮੇਂ ਦੌਰਾਨ ਪੂਰੇ UK ਵਿੱਚ ਪਰਿਵਾਰਾਂ ਨੇ ਬਹੁਤ ਸਾਰੇ ਬਦਲਾਅ ਦੇਖੇ ਹਨ। ਅੱਜ ਦੇ ਦੌਰ ਵਿੱਚ ਪੈਦਾ ਹੋਣ ਵਾਲੇ ਬੱਚਿਆਂ ਲਈ ਜ਼ਿੰਦਗੀ ਕਿਹੋ ਜਿਹੀ ਹੈ? ਅੱਜ ਬੱਚਿਆਂ ਕੋਲ ਕਿਹੜੇ ਮੌਕੇ ਅਤੇ ਚੁਣੌਤੀਆਂ ਹਨ?

Generation New Era ਦਾ ਹਿੱਸਾ ਬਣ ਕੇ, ਤੁਸੀਂ ਸਮਾਜ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਪਾਓਗੇ, ਅਤੇ ਉਹਨਾਂ ਮੁੱਦਿਆਂ 'ਤੇ ਚਾਨਣਾ ਪਾਉਣ ਵਿੱਚ ਮਦਦ ਕਰੋਗੇ ਜੋ ਹੁਣ ਪਰਿਵਾਰਾਂ ਲਈ ਮਾਇਨੇ ਰੱਖਦੇ ਹਨ।

ਭਾਗ ਲੈਣ ਵਾਲੇ ਹਰ ਵਿਅਕਤੀ ਨੂੰ, ਉਹਨਾਂ ਦਾ ਸਮਾਂ ਕੱਢਣ ਲਈ ਸ਼ੁਕਰਾਨੇ ਵਜੋਂ ਇੱਕ ਹਾਈ ਸਟ੍ਰੀਟ ਸ਼ਾਪਿੰਗ ਵਾਊਚਰ ਮਿਲੇਗਾ।

ਇਸ ਨਾਲ ਕਿਵੇਂ ਫ਼ਰਕ ਪਵੇਗਾ?

Generation New Era ਪਰਿਵਾਰਾਂ ਲਈ ਅਸਲ ਬਦਲਾਅ ਲਿਆਉਣ ਵਿੱਚ ਮਦਦ ਕਰੇਗਾ। ਇਸ ਵਰਗੇ ਹੋਰ ਅਧਿਐਨਾਂ ਦੇ ਨਤੀਜਿਆਂ ਨੇ:

- ਮਾਤਾ-ਪਿਤਾ ਲਈ ਬਿਹਤਰ ਅਧਿਕਾਰਾਂ (ਲੰਬੀ ਮੈਟਰਨਿਟੀ ਅਤੇ ਅਡਾਪਸ਼ਨ ਛੁੱਟੀ, ਪਿਤਾਵਾਂ ਲਈ ਤਨਖਾਹ ਵਾਲੀ ਛੁੱਟੀ ਅਤੇ ਕੰਮ ਕਰਨ ਦੇ ਲਚਕਦਾਰ ਅਧਿਕਾਰਾਂ) ਦਾ ਸਮਰਥਨ ਕੀਤਾ ਹੈ।
- 75 ਪੱਛੜੇ ਇਲਾਕਿਆਂ ਵਿੱਚ ਸ਼ਿਸ਼ੂ ਖੁਰਾਕ ਦੀਆਂ ਸੇਵਾਵਾਂ ਲਈ £50m ਦੀ ਫੰਡਿੰਗ ਸੁਰੱਖਿਅਤ ਕਰਨ ਵਿੱਚ ਮਦਦ ਕੀਤੀ ਹੈ।
- ਇਹ ਸਾਬਤ ਕੀਤਾ ਹੈ ਕਿ ਬੱਚਿਆਂ ਲਈ ਆਪਣੀ ਪਿੱਠ ਭਾਰ ਸੌਣਾ ਵਧੇਰੇ ਸੁਰੱਖਿਅਤ ਹੈ, ਜਿਸ ਨਾਲ ਸੁਰੱਖਿਅਤ ਨੀਂਦ ਬਾਰੇ ਮਾਰਗਦਰਸ਼ਨ ਮਿਲਿਆ ਹੈ।

1946, 1958, 1970 ਅਤੇ 2000 ਵਿੱਚ ਪੈਦਾ ਹੋਏ ਲੋਕਾਂ ਦੇ ਚਾਰ ਹੋਰ ਰਾਸ਼ਟਰੀ ਅਧਿਐਨ ਅੱਜ ਵੀ ਚੱਲ ਰਹੇ ਹਨ। ਇਹਨਾਂ ਅਧਿਐਨਾਂ ਦੁਆਰਾ ਲਿਆਂਦੇ ਗਏ ਫ਼ਰਕ ਅਤੇ ਲੋਕ ਭਾਗ ਲੈਣ ਬਾਰੇ ਕੀ ਕਹਿੰਦੇ ਹਨ, ਇਸ ਬਾਰੇ ਹੋਰ ਜਾਣੋ: gnestudy.info 'ਤੇ

"ਇਹ ਅਧਿਐਨ ਇਹ ਜਾਣਨ ਦਾ ਜ਼ਿੰਦਗੀ ਵਿੱਚ ਇੱਕ ਵਾਰ ਮਿਲਣ ਵਾਲਾ ਮੌਕਾ ਦਿੰਦਾ ਹੈ ਕਿ ਅੱਜ-ਕੱਲ੍ਹ ਪਰਿਵਾਰਾਂ ਦੀ ਜ਼ਿੰਦਗੀ ਕਿਹੋ ਜਿਹੀ ਹੈ, ਤਾਂ ਜੋ ਅਸੀਂ ਸਿੱਖ ਸਕੀਏ ਕਿ ਹਰ ਬੱਚੇ ਨੂੰ ਜ਼ਿੰਦਗੀ ਦੀ ਸਭ ਤੋਂ ਵਧੀਆ ਸ਼ੁਰੂਆਤ ਕਿਵੇਂ ਦੇਣੀ ਹੈ।"

ਜੌਇਸ, ਲੀਡ ਨਰਸ

ਇਸ ਵਿੱਚ ਕੀ ਸ਼ਾਮਲ ਹੈ?

1. **ਇੱਕ ਸਿਖਲਾਈ ਪ੍ਰਾਪਤ ਦੋਸਤਾਨਾ ਇੰਟਰਵਿਊਅਰ ਤੁਹਾਡੇ ਘਰ ਆਵੇਗਾ** – ਉਹ ਪੁੱਛਣਗੇ ਕਿ ਕੀ ਤੁਸੀਂ ਭਾਗ ਲੈਣਾ ਚਾਹੋਗੇ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਗੇ। ਉਹਨਾਂ ਕੋਲ ਹਮੇਸ਼ਾ ਫ਼ੋਟੋ ਵਾਲੀ ID ਹੋਵੇਗੀ। ਜੇ ਇਹ ਸਮਾਂ ਤੁਹਾਡੇ ਲਈ ਢੁਕਵਾਂ ਨਹੀਂ ਹੈ, ਤਾਂ ਉਹ ਕਿਸੇ ਬਿਹਤਰ ਸਮੇਂ 'ਤੇ ਦੁਬਾਰਾ ਆ ਜਾਣਗੇ। ਤੁਸੀਂ ਸਾਨੂੰ ਦੱਸ ਸਕਦੇ ਹੋ ਕਿ ਕਾਲ ਕਰਨ ਲਈ ਕਿਹੜਾ ਸਮਾਂ ਸਹੀ ਹੈ: ipsos.uk/contactgne.

2. **ਇੰਟਰਵਿਊ ਦੀ ਅਪੌਇੰਟਮੈਂਟ ਤੈਅ ਕੀਤੀ ਜਾਵੇਗੀ** – ਜੇਕਰ ਤੁਸੀਂ ਭਾਗ ਲੈਣਾ ਚਾਹੁੰਦੇ ਹੋ, ਤਾਂ ਇੰਟਰਵਿਊਅਰ ਤੁਹਾਡੀ ਸੁਵਿਧਾ ਅਨੁਸਾਰ ਦਿਨ ਅਤੇ ਸਮਾਂ ਤੈਅ ਕਰੇਗਾ।

3. ਇੱਕ ਮਾਤਾ ਜਾਂ ਪਿਤਾ 60-ਮਿੰਟ ਦੀ ਇੰਟਰਵਿਊ ਦਿੰਦਾ ਹੈ –ਇਹ ਨਿੱਜੀ ਤੌਰ 'ਤੇ ਉਸ ਮਾਤਾ ਜਾਂ ਪਿਤਾ ਨਾਲ ਹੁੰਦੀ ਹੈ, ਜੋ ਬੱਚੇ ਨਾਲ ਸਭ ਤੋਂ ਵੱਧ ਸਮਾਂ ਬਿਤਾਉਂਦਾ ਹੈ।

⟶ ਇੱਕ ਇੰਟਰਵਿਊ ਲੰਬੀ ਹੁੰਦੀ ਹੈ ਕਿਉਂਕਿ ਸਾਨੂੰ ਪ੍ਰਤੀ ਘਰ/ਪਰਿਵਾਰ ਸਿਰਫ਼ ਇੱਕ ਵਾਰ ਕੁਝ ਸਵਾਲ ਪੁੱਛਣ ਦੀ ਲੋੜ ਹੁੰਦੀ ਹੈ।

4. **ਦੂਜੇ ਮਾਤਾ ਜਾਂ ਪਿਤਾ (ਜੇ ਉਹ ਉਸੇ ਪਤੇ 'ਤੇ ਰਹਿੰਦੇ ਹਨ) ਦੀ 30 ਮਿੰਟ ਦੀ ਇੰਟਰਵਿਊ ਹੁੰਦੀ ਹੈ**

ਜੇ ਉਹ ਉਸੇ ਪਤੇ 'ਤੇ ਰਹਿੰਦੇ ਹਨ, ਤਾਂ ਇਹ ਨਿੱਜੀ ਤੌਰ 'ਤੇ, ਔਨਲਾਈਨ ਜਾਂ ਕਦੇ-ਕਦਾਈਂ ਫ਼ੋਨ ਰਾਹੀਂ ਹੋ ਸਕਦੀ ਹੈ, ਜੋ ਵੀ ਸਭ ਤੋਂ ਢੁਕਵਾਂ ਹੋਵੇ।

5. **ਇੱਕ ਮਾਤਾ ਜਾਂ ਪਿਤਾ ਨੂੰ BabySteps ਐਪ ਡਾਊਨਲੋਡ ਕਰਨ ਲਈ ਸੱਦਾ ਦਿੱਤਾ ਜਾਵੇਗਾ** – ਤੁਸੀਂ ਆਪਣੇ ਬੱਚੇ ਦੇ ਵਿਕਾਸ ਦੇ ਪੜਾਵਾਂ 'ਤੇ ਨਜ਼ਰ ਰੱਖ ਸਕਦੇ ਹੋ ਅਤੇ ਖੋਜ ਗਤੀਵਿਧੀਆਂ ਰਾਹੀਂ ਵਾਧੂ ਵਾਊਚਰ ਕਮਾ ਸਕਦੇ ਹੋ।

Bubble: ਭਾਗ ਲੈਣਾ ਹਮੇਸ਼ਾ ਤੁਹਾਡੀ ਮਰਜ਼ੀ ਹੈ, ਅਤੇ ਤੁਸੀਂ ਕਿਸੇ ਵੀ ਸਮੇਂ ਅਧਿਐਨ ਵਿੱਚੋਂ ਵਿਦਡਰਾਅ ਕਰ ਸਕਦੇ ਹੋ।

ਅਸੀਂ ਤੁਹਾਨੂੰ ਦੁਬਾਰਾ ਭਾਗ ਲੈਣ ਲਈ ਸੱਦਾ ਦੇਵਾਂਗੇ ਤਾਂ ਜੋ ਇਹ ਜਾਣ ਸਕੀਏ ਕਿ ਤੁਹਾਡਾ ਬੱਚਾ ਵੱਡਾ ਹੁੰਦੇ ਹੋਏ ਕਿਵੇਂ ਤਰੱਕੀ ਕਰ ਰਿਹਾ ਹੈ – ਸੰਭਾਵਿਤ ਤੌਰ 'ਤੇ ਜਦੋਂ ਉਹ 3 ਸਾਲ ਦਾ ਹੋਵੇਗਾ। ਜਦੋਂ ਤੁਹਾਡਾ ਬੱਚਾ ਵੱਡਾ ਹੋ ਜਾਂਦਾ ਹੈ, ਤਾਂ ਉਹ ਖੁਦ ਫ਼ੈਸਲਾ ਕਰ ਸਕਦਾ ਹੈ ਕਿ ਕੀ ਉਹ ਭਾਗ ਲੈਣਾ ਜਾਰੀ ਰੱਖਣਾ ਚਾਹੁੰਦਾ ਹੈ।

ਪਰਿਵਾਰ ਦੇ ਕਿਹੜੇ ਮੈਂਬਰਾਂ ਨੂੰ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ?

ਇਹ ਮਹੱਤਵਪੂਰਨ ਹੈ ਕਿ ਅਸੀਂ ਮਾਂਵਾਂ ਦੇ ਨਾਲ-ਨਾਲ ਪਿਤਾਵਾਂ ਤੋਂ ਵੀ ਜਾਣਕਾਰੀ ਇਕੱਠੀ ਕਰੀਏ, ਜਿਸ ਵਿੱਚ ਉਹ ਮਾਤਾ-ਪਿਤਾ ਵੀ ਸ਼ਾਮਲ ਹਨ, ਜੋ ਸ਼ਾਇਦ ਆਪਣੇ ਬੱਚੇ ਨਾਲ ਨਹੀਂ ਰਹਿੰਦੇ, ਭਾਵੇਂ ਉਹਨਾਂ ਦੀ ਆਪਣੇ ਬੱਚੇ ਨਾਲ ਕੋਈ ਵੀ ਸ਼ਮੂਲੀਅਤ ਹੋਵੇ।
ਇਸ ਨਾਲ ਸਾਨੂੰ ਹਰ ਬੱਚੇ ਦੀ ਜ਼ਿੰਦਗੀ ਦੀ ਪੂਰੀ ਤਸਵੀਰ ਸਮਝਣ ਵਿੱਚ ਮਦਦ ਮਿਲਦੀ ਹੈ।
ਜੇ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਤਾ ਜਾਂ ਪਿਤਾ ਨਾਲ ਨਹੀਂ ਰਹਿੰਦੇ ਹੋ, ਤਾਂ ਅਸੀਂ ਤੁਹਾਡੀ ਇੰਟਰਵਿਊ ਵਿੱਚ ਉਹਨਾਂ ਨਾਲ ਸੰਪਰਕ ਕਰਨ ਬਾਰੇ ਪੁੱਛਾਂਗੇ ਅਤੇ ਕੁਝ ਮਹੀਨਿਆਂ ਬਾਅਦ ਉਹਨਾਂ ਨੂੰ ਭਾਗ ਲੈਣ ਲਈ ਸੱਦਾ ਦੇਵਾਂਗੇ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਉਹਨਾਂ ਨਾਲ ਸੰਪਰਕ ਨਾ ਕਰੀਏ, ਜਾਂ ਤੁਹਾਨੂੰ ਕੋਈ ਚਿੰਤਾਵਾਂ ਹਨ, ਤਾਂ ਤੁਸੀਂ ਆਪਣੇ ਇੰਟਰਵਿਊਅਰ ਨੂੰ ਦੱਸ ਸਕਦੇ ਹੋ।

‘ਇਸ ਦਾ ਹਿੱਸਾ ਬਣਨਾ ਦਿਲਚਸਪ ਹੈ.... ਚੁਣਿਆ ਜਾਣਾ ਇੱਕ ਖਾਸ ਅਹਿਸਾਸ ਦਿਵਾਉਂਦਾ ਹੈ’ - ਅਧਿਐਨ ਵਿੱਚ ਭਾਗ ਲੈਣ ਵਾਲਾ

ਤੁਹਾਡੇ ਪਰਿਵਾਰ ਨੂੰ ਅਧਿਐਨ ਲਈ ਕਿਵੇਂ ਚੁਣਿਆ ਗਿਆ ਸੀ?

ਤੁਹਾਡੇ ਪਰਿਵਾਰ ਨੂੰ ਸਰਕਾਰੀ ਸਿਹਤ ਵਿਭਾਗਾਂ ਅਤੇ ਏਜੰਸੀਆਂ ਦੁਆਰਾ ਰੱਖੇ ਗਏ ਜਨਮ ਦੇ ਰਿਕਾਰਡਾਂ ਵਿੱਚੋਂ ਚੁਣਿਆ ਗਿਆ ਹੈ। ਇਹਨਾਂ ਸੰਸਥਾਵਾਂ ਨੇ ਤੁਹਾਡਾ ਨਾਮ, ਪਤਾ ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਵਾਧੂ ਜਾਣਕਾਰੀ ਮੁਹੱਈਆ ਕਰਾਈ ਸੀ, ਤਾਂ ਜੋ ਅਸੀਂ ਤੁਹਾਨੂੰ ਭਾਗ ਲੈਣ ਲਈ ਸੱਦਾ ਦੇ ਸਕੀਏ। ਇਸ ਨੂੰ ਹਰੇਕ ਦੇਸ਼ ਵਿੱਚ ਵਿਸ਼ੇਸ਼ ਸਿਹਤ ਡੇਟਾ ਕਮੇਟੀਆਂ ਦੁਆਰਾ ਮਨਜ਼ੂਰੀ ਦਿੱਤੀ ਗਈ ਹੈ।

ਅਸੀਂ ਖਾਸ ਤੌਰ 'ਤੇ ਤੁਹਾਡੇ ਤੋਂ ਹੀ ਜਾਣਕਾਰੀ ਕਿਉਂ ਲੈਣਾ ਚਾਹੁੰਦੇ ਹਾਂ?

ਅਸੀਂਹਰ ਕਿਸੇ ਨੂੰ ਸੱਦਾ ਨਹੀਂਦੇ ਸਕਦੇ, ਪਰ ਜਿਨ੍ਹਾਂ ਪਰਿਵਾਰਾਂ ਨੂੰ ਅਸੀਂ ਸੱਦਾ ਦਿੰਦੇ ਹਾਂ, ਉਹ ਹਰੇਕ ਖੇਤਰ ਅਤੇ ਸਮੁੱਚੇ ਤੌਰ 'ਤੇ UK ਦੀ ਵਿਭਿੰਨਤਾ ਨੂੰ ਦਰਸਾਉਂਦੇ ਹਨ। ਇਸ ਅਧਿਐਨ ਦਾ ਉਦੇਸ਼ ਹਰ ਕਿਸੇ ਦੀ ਨੁਮਾਇੰਦਗੀ ਕਰਨਾ ਹੈ, ਜੋ ਸਾਰੇ ਪਰਿਵਾਰਾਂ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਦਿੰਦਾ ਹੈ। ਇਸ ਅਧਿਐਨ ਨੂੰ ਸੱਚਮੁੱਚ ਮਾਇਨੇ ਰੱਖਣ ਵਾਲਾ ਬਣਾਉਣ ਲਈ, ਸਾਨੂੰ ਹਰ ਕਿਸਮ ਦੇ ਪਰਿਵਾਰਾਂ, ਸੱਭਿਆਚਾਰਾਂ ਅਤੇ ਭਾਈਚਾਰਿਆਂ ਤੋਂ ਜਾਣਕਾਰੀ ਲੈਣ ਦੀ ਲੋੜ ਹੈ – ਜਿਸ ਨਾਲ UK ਭਰ ਦੇ ਵੱਖ-ਵੱਖ ਤਜ਼ਰਬਿਆਂ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ।

ਅਸੀਂ ਤੁਹਾਨੂੰ ਕਿਸ ਬਾਰੇ ਪੁੱਛਾਂਗੇ?

ਅਸੀਂ ਤੁਹਾਡੇ **ਬੱਚੇ ਦੀ ਸਿਹਤ, ਵਿਕਾਸ, ਵਤੀਰੇ, ਨੀਂਦ, ਖੁਰਾਕ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਬਾਰੇ ਪੁੱਛਾਂਗੇ**। ਜੁੜਵਾਂ ਜਾਂ ਕਈ ਬੱਚਿਆਂ ਦੇ ਮਾਮਲੇ ਵਿੱਚ, ਹਰੇਕ ਬੱਚੇ ਲਈ ਕੁਝ ਸਵਾਲ ਵੱਖਰੇ-ਵੱਖਰੇ ਪੁੱਛੇ ਜਾਂਦੇ ਹਨ।
ਅਸੀਂ ਇੱਕ ਮਾਂ ਜਾਂ ਪਿਤਾ ਵਜੋਂ ਤੁਹਾਡੇ ਤਜ਼ਰਬਿਆਂ ਅਤੇ ਤੁਹਾਡੇ ਪਰਿਵਾਰ ਬਾਰੇ ਵੀ ਪੁੱਛਾਂਗੇ: ਤੁਹਾਡਾ ਘਰ, ਕੰਮ, ਵਿੱਤੀ ਹਾਲਤ, ਸਿਹਤ ਅਤੇ ਤੰਦਰੁਸਤੀ, ਤੁਹਾਡੇ ਹੋਰ ਬੱਚੇ, ਤੁਹਾਡਾ ਜੀਵਨਸਾਥੀ ਅਤੇ ਕੋਈ ਵੀ ਸਹਾਇਤਾ, ਸੇਵਾਵਾਂ ਜਾਂ ਚਾਈਲਡ ਕੇਅਰ ਜਿਸਦੀ ਤੁਸੀਂ ਵਰਤੋਂ ਕਰਦੇ ਹੋ।
ਤੁਸੀਂ ਕਿਸੇ ਵੀ ਅਜਿਹੇ ਸਵਾਲ ਨੂੰ ਛੱਡ ਸਕਦੇ ਹੋ ਜਿਸਦਾ ਤੁਸੀਂ ਜਵਾਬ ਨਹੀਂ ਦੇਣਾ ਚਾਹੁੰਦੇ। ਸੰਵੇਦਨਸ਼ੀਲ ਸਵਾਲਾਂ ਦੇ ਜਵਾਬ ਨਿੱਜੀ ਤੌਰ 'ਤੇ ਇੰਟਰਵਿਊਅਰ ਦੇ ਕੰਪਿਊਟਰ 'ਤੇ ਦਿੱਤੇ ਜਾਂਦੇ ਹਨ - ਉੱਚੀ ਆਵਾਜ਼ ਵਿੱਚ ਉਹਨਾਂ ਬਾਰੇ ਚਰਚਾ ਨਹੀਂ ਕੀਤੀ ਜਾਂਦੀ।

ਅਸੀਂ ਉਮੀਦ ਕਰਦੇ ਹਾਂ ਕਿ ਮਾਂ ਅਤੇ ਪਿਤਾ ਦੋਵੇਂ ਭਾਗ ਲੈਣਗੇ, ਪਰ ਆਪਣਾ ਫ਼ੈਸਲਾ ਲੈਣਾ ਤੁਹਾਡੇ ਵਿੱਚੋਂ ਹਰੇਕ ਦੀ ਆਪਣੀ ਮਰਜ਼ੀ ਹੈ।

ਇੰਟਰਵਿਊ ਕੌਣ ਲੈਂਦਾ ਹੈ?

ਇੱਕ ਸੁਤੰਤਰ ਖੋਜ ਸੰਸਥਾ, Ipsos, ਇਸ ਅਧਿਐਨ ਲਈ ਇੰਟਰਵਿਊਆਂ ਦੀ ਨਿਗਰਾਨੀ ਕਰਦੀ ਹੈ। ਤਿੰਨ ਸੁਤੰਤਰ ਖੋਜ ਸੰਸਥਾਵਾਂ (Ipsos, NatCen ਜਾਂ Verian) ਵਿੱਚੋਂ ਕਿਸੇ ਇੱਕ ਦੇ ਇੰਟਰਵਿਊਅਰਜ਼ ਇੰਟਰਵਿਊ ਕਰਨਗੇ। ਇੰਟਰਵਿਊਅਰਜ਼ ਸਿਖਲਾਈ ਪ੍ਰਾਪਤ, ਤਜ਼ਰਬੇਕਾਰ ਹੁੰਦੇ ਹਨ ਅਤੇ ਤੁਹਾਡੀ ਅਤੇ ਤੁਹਾਡੀ ਜਾਣਕਾਰੀ ਦੀ ਸੁਰੱਖਿਆ ਲਈ ਸਖ਼ਤ ਨਿਯਮਾਂ ਦੀ ਪਾਲਣਾ ਕਰਦੇ ਹਨ।

ਜਾਣਕਾਰੀ ਸ਼ਾਮਲ ਕਰਨਾ

ਸਰਕਾਰੀ ਵਿਭਾਗ ਅਤੇ ਏਜੰਸੀਆਂ (ਜਿਵੇਂ ਕਿ NHS) ਨਿਯਮਤ ਤੌਰ 'ਤੇ ਸਾਡੇ ਸਾਰਿਆਂ ਬਾਰੇ ਰਿਕਾਰਡ ਰੱਖਦੀਆਂ ਹਨ। ਇਸੇ ਤਰ੍ਹਾਂ ਉਹ ਸੇਵਾਵਾਂ ਦੀ ਯੋਜਨਾ ਬਣਾਉਂਦੇ ਹਨ ਅਤੇ ਮੁਹੱਈਆ ਕਰਦੇ ਹਨ। ਅਸੀਂ ਤੁਹਾਡੀ ਅਧਿਐਨ ਜਾਣਕਾਰੀ ਵਿੱਚ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ **ਸਿਹਤ, ਸਿੱਖਿਆਅਤੇ ਸਮਾਜਕ ਦੇਖਭਾਲ ਦੇ ਰਿਕਾਰਡਾਂ** ਤੋਂ ਜਾਣਕਾਰੀ ਸ਼ਾਮਲ ਕਰਨਾ ਚਾਹੁੰਦੇ ਹਾਂ। ਅਸੀਂ ਤੁਹਾਡੀ ਇੰਟਰਵਿਊ ਦੌਰਾਨ ਤੁਹਾਨੂੰ ਇਸ ਬਾਰੇ ਪੁੱਛਾਂਗੇ।

ਇਹਨਾਂ ਰਿਕਾਰਡਾਂ ਨੂੰ ਆਪਣੇ ਅਧਿਐਨ ਡੇਟਾ ਵਿੱਚ ਸ਼ਾਮਲ ਕਰਨ ਲਈ ਸਹਿਮਤ ਹੋ ਕੇ, ਤੁਸੀਂ ਖੋਜਕਰਤਾਵਾਂ ਨੂੰ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਹੋਰ ਵੀ ਗੱਲਾਂ 'ਤੇ ਗੌਰ ਕਰਨ ਵਿੱਚ ਮਦਦ ਕਰਨ ਲਈ ਇੱਕ ਮਹੱਤਵਪੂਰਨ ਭੂਮਿਕਾ ਨਿਭਾਓਗੇ। ਜਿਵੇਂ ਕਿ:

- ਘਰੇਲੂ ਜੀਵਨ ਅਤੇ ਚਾਈਲਡ ਕੇਅਰ ਦਾ ਬੱਚਿਆਂ ਦੇ ਸਕੂਲ ਲਈ ਤਿਆਰ ਹੋਣ 'ਤੇ ਕਿਵੇਂ ਅਸਰ ਪੈਂਦਾ ਹੈ?
- ਛੋਟੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਲੋੜੀਂਦੀ ਸਿਹਤ ਸੰਭਾਲ ਅਤੇ ਸਹਾਇਤਾ ਪ੍ਰਾਪਤ ਕਰਨ ਵਿੱਚ ਕਿਹੜੀਆਂ ਚੀਜ਼ਾਂ ਰੁਕਾਵਟ ਬਣ ਸਕਦੀਆਂ ਹਨ?
- ਅਸੀਂ ਉਨ੍ਹਾਂ ਮਾਤਾ-ਪਿਤਾ ਦੀ ਬਿਹਤਰ ਸਹਾਇਤਾ ਕਿਵੇਂ ਕਰ ਸਕਦੇ ਹਾਂ, ਜੋ ਆਪ ਕੇਅਰ ਵਿੱਚ ਵੱਡੇ ਹੋਏ ਹਨ, ਅਤੇ ਉਹਨਾਂ ਪਰਿਵਾਰਾਂ ਦੀ ਜੋ ਚਿਲਡਰਨ ਸਰਵਿਸਿਜ਼ ਤੋਂ ਮਦਦ ਲੈ ਰਹੇ ਹਨ?

ਤੁਹਾਡਾ ਇੰਟਰਵਿਊਅਰ ਤੁਹਾਡੀ ਇੰਟਰਵਿਊ ਤੋਂ ਪਹਿਲਾਂ ਤੁਹਾਨੂੰ ਇਸ ਬਾਰੇ ਇੱਕ ਜਾਣਕਾਰੀ ਲੀਫਲੈੱਟ ਦੇਵੇਗਾ। ਇਹ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਸਾਨੂੰ ਅਜਿਹਾ ਕਰਨ ਦੇਣਾ ਹੈ ਜਾਂ ਨਹੀਂ – ਜੇ ਤੁਸੀਂ ਅਜਿਹਾ ਨਾ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਵੀ ਤੁਸੀਂ ਅਧਿਐਨ ਵਿੱਚ ਭਾਗ ਲੈ ਸਕਦੇ ਹੋ। ਤੁਸੀਂ ਇਸ ਬਾਰੇ ਆਪਣੇ ਬੱਚੇ ਦੇ ਦੂਜੇ ਮਾਤਾ ਜਾਂ ਪਿਤਾ ਨਾਲ ਗੱਲਬਾਤ ਕਰਨਾ ਚਾਹ ਸਕਦੇ ਹੋ, ਕਿਉਂਕਿ ਤੁਹਾਡੇ ਬੱਚੇ ਦੇ ਰਿਕਾਰਡਾਂ ਬਾਰੇ ਸਿਰਫ਼ ਲੰਬੀ ਇੰਟਰਵਿਊ ਦੇਣ ਵਾਲੇ ਮਾਤਾ ਜਾਂ ਪਿਤਾ ਤੋਂ ਹੀ ਪੁੱਛਿਆ ਜਾਵੇਗਾ।

[pull out bubble] ਇੰਟਰਵਿਊਅਰ ਕਈ ਵੱਖ-ਵੱਖ ਭਾਈਚਾਰਿਆਂ, ਸਥਿਤੀਆਂ ਅਤੇ ਪਰਿਵਾਰਾਂ ਦੀਆਂ ਕਿਸਮਾਂ ਵਿੱਚ ਮਾਂਵਾਂ ਅਤੇ ਪਿਤਾਵਾਂ ਨਾਲ ਗੱਲ ਕਰਨ ਦੇ ਆਦੀ ਹੁੰਦੇ ਹਨ। ਇੰਟਰਵਿਊਜ਼ ਹੋਰ ਭਾਸ਼ਾਵਾਂ ਵਿੱਚ ਵੀ ਕੀਤੀਆਂ ਜਾ ਸਕਦੀਆਂ ਹਨ।

ਤੁਹਾਡੀ ਜਾਣਕਾਰੀ ਦਾ ਧਿਆਨ ਰੱਖਣਾ

ਅਧਿਐਨ ਦਾ ਸੰਚਾਲਨ ਕੌਣ ਕਰਦਾ ਹੈ?

ਯੂਨੀਵਰਸਿਟੀ ਕਾਲਜ ਲੰਡਨ (UCL) ਵਿਖੇ ਸੈਂਟਰ ਫਾਰ ਲੌਂਗੀਟਿਊਡਨਲ ਸਟੱਡੀਜ਼ (CLS) ਅਧਿਐਨ ਚਲਾਉਂਦਾ ਹੈ ਅਤੇਤੁਹਾਡੀ ਅਧਿਐਨ ਜਾਣਕਾਰੀ ਦੀ ਦੇਖਭਾਲ ਕਰਨ ਲਈ ਜ਼ਿੰਮੇਵਾਰ ਹੈ। ਸਾਨੂੰ ਅਧਿਐਨ ਚਲਾਉਣ ਲਈ ਚੁਣਿਆ ਗਿਆ ਸੀ ਕਿਉਂਕਿ ਸਾਡੇ ਕੋਲ 1958, 1970, ਅਤੇ 2000 ਵਿੱਚ ਪੈਦਾ ਹੋਏ ਲੋਕਾਂ ਦੇ ਅਜਿਹੇ ਅਧਿਐਨ ਚਲਾਉਣ ਦਾ ਬਹੁਤ ਤਜ਼ਰਬਾ ਹੈ, ਅਤੇ ਅਸੀਂ ਇਸ ਕਿਸਮ ਦੀ ਖੋਜ ਦੇ ਮਾਹਰ ਹਾਂ।

ਇਸ ਟੀਮ ਵਿੱਚ ਸਵਾਨਸੀ ਯੂਨੀਵਰਸਿਟੀ (ਵੇਲਜ਼), ਯੂਨੀਵਰਸਿਟੀ ਆਫ਼ ਐਡਿਨਬਰਗ (ਸਕਾਟਲੈਂਡ) ਅਤੇ ਅਲਸਟਰ ਯੂਨੀਵਰਸਿਟੀ (ਨੌਰਦਰਨ ਆਇਰਲੈਂਡ) ਦੇ ਸਟੱਡੀ ਡਾਇਰੈਕਟਰ ਵੀ ਸ਼ਾਮਲ ਹਨ। ਇਸ ਅਧਿਐਨ ਨੂੰ ਇਕਨੌਮਿਕ ਐਂਡ ਸੋਸ਼ਲ ਰਿਸਰਚ ਕੌਂਸਲ ਦੁਆਰਾ ਫ਼ੰਡ ਦਿੱਤਾ ਜਾਂਦਾ ਹੈ, ਜੋ ਕਿ UK ਦੀ ਮੁੱਖ ਸੋਸ਼ਲ ਰਿਸਰਚ ਫ਼ੰਡਰ ਹੈ ਅਤੇ UK ਰਿਸਰਚ ਐਂਡ ਇਨੋਵੇਸ਼ਨ ਦਾ ਹਿੱਸਾ ਹੈ।

ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਅਤੇ ਸੁਰੱਖਿਆ ਕਿਵੇਂ ਕਰਦੇ ਹਾਂ?

ਅਸੀਂ ਤੁਹਾਡੀ ਜ਼ਿੰਦਗੀ ਅਤੇ ਤੁਹਾਡੇ ਬੱਚੇ ਦੇ ਤਜ਼ਰਬਿਆਂ ਬਾਰੇ ਵੇਰਵੇ ਸਾਂਝੇ ਕਰਨ ਸਬੰਧੀ ਤੁਹਾਡੀਆਂ ਕਿਸੇ ਵੀ ਚਿੰਤਾਵਾਂ ਨੂੰ ਸਮਝਦੇ ਹਾਂ। **ਤੁਹਾਡੀ ਗੋਪਨੀਯਤਾ ਮਾਇਨੇ ਰੱਖਦੀ ਹੈ।** ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ **ਗੁਪਤ ਅਤੇ ਸੁਰੱਖਿਅਤ ਰੱਖਿਆ ਜਾਂਦਾ ਹੈ ਅਤੇ ਸਿਰਫ਼ ਖੋਜ ਦੇ ਉਦੇਸ਼ਾਂ ਲਈ ਹੀ ਵਰਤਿਆ ਜਾਂਦਾ ਹੈ।**

ਇੰਟਰਵਿਊਜ਼ ਅਤੇ BabySteps ਐਪ ਦੀਆਂ ਖੋਜ ਗਤੀਵਿਧੀਆਂ ਤੋਂ ਪ੍ਰਾਪਤ ਤੁਹਾਡੀ ਅਧਿਐਨ ਜਾਣਕਾਰੀ ਨੂੰ ਇਸ ਅਧਿਐਨ ਵਿੱਚ ਸ਼ਾਮਲ ਬਾਕੀ ਸਾਰੇ ਲੋਕਾਂ ਦੀ ਜਾਣਕਾਰੀ ਨਾਲ ਇਕੱਠਾ ਕੀਤਾ ਜਾਵੇਗਾ। ਇਸ ਖੋਜ ਡੇਟਾ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਂਦਾ ਹੈ ਅਤੇ UK ਡੇਟਾ ਸਰਵਿਸ ਵਰਗੀਆਂ ਭਰੋਸੇਮੰਦ ਡੇਟਾ ਸੇਵਾਵਾਂ ਰਾਹੀਂ ਦੁਨੀਆ ਭਰ ਦੇ ਖੋਜਕਰਤਾਵਾਂ ਨੂੰ ਉਪਲਬਧ ਕਰਵਾਇਆ ਜਾਂਦਾ ਹੈ। ਜੇ ਤੁਸੀਂ ਸਿਹਤ, ਸਿੱਖਿਆ ਅਤੇ/ਜਾਂ ਸਮਾਜਕ ਦੇਖਭਾਲ ਦੇ ਰਿਕਾਰਡਾਂ ਵਿੱਚੋਂ ਜਾਣਕਾਰੀ ਸ਼ਾਮਲ ਕਰਨ ਦੀ ਚੋਣ ਕਰਦੇ ਹੋ, ਤਾਂ ਇਹ ਵੀ ਖੋਜਕਰਤਾਵਾਂ ਨੂੰ ਉਪਲਬਧ ਕਰਵਾਈ ਜਾਵੇਗੀ। **ਖੋਜ ਡੇਟਾ ਵਿੱਚ ਕਦੇ ਵੀ ਕੋਈ ਨਾਮ, ਪਤੇ ਜਾਂ ਹੋਰ ਨਿੱਜੀ ਵੇਰਵੇ ਸ਼ਾਮਲ ਨਹੀਂ ਹੁੰਦੇ,**ਜੋ ਤੁਹਾਡੀ ਜਾਂ ਤੁਹਾਡੇ ਪਰਿਵਾਰ ਦੀ ਪਛਾਣ ਕਰਦੇ ਹੋਣ।

ਤੁਹਾਡੀ ਜਾਣਕਾਰੀ ਪਰਿਵਾਰ ਦੇ ਹੋਰ ਮੈਂਬਰਾਂ, ਜਿਸ ਵਿੱਚ ਤੁਹਾਡੇ ਬੱਚੇ ਦੇ ਦੂਜੇ ਮਾਤਾ ਜਾਂ ਪਿਤਾ ਸ਼ਾਮਲ ਹਨ, ਅਤੇ ਉਹਨਾਂ ਸੰਸਥਾਵਾਂ ਤੋਂ ਪੂਰੀ ਤਰ੍ਹਾਂ ਗੁਪਤ ਰਹਿੰਦੀ ਹੈ ਜੋ ਤੁਹਾਨੂੰ ਸੇਵਾਵਾਂ ਜਾਂ ਲਾਭ ਮੁਹੱਈਆ ਕਰਦੀਆਂ ਹਨ, ਜੋ ਤੁਸੀਂ ਜਾਂ ਤੁਹਾਡਾ ਬੱਚਾ ਪ੍ਰਾਪਤ ਕਰਦਾ ਹੈ।

ਬਹੁਤ ਹੀ ਖਾਸ ਹਾਲਾਤਾਂ ਵਿੱਚ, ਸਾਨੂੰ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਸਾਂਝੀ ਕਰਨੀ ਪੈ ਸਕਦੀ ਹੈ — ਉਦਾਹਰਣ ਲਈ, ਜੇ ਕਿਸੇ ਨੂੰ ਨੁਕਸਾਨ ਪਹੁੰਚਣ ਦਾ ਗੰਭੀਰ ਖਤਰਾ ਹੋਵੇ।

ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਹਮੇਸ਼ਾ ਸਖ਼ਤ ਸੁਰੱਖਿਆ ਨਿਯਮਾਂ ਅਤੇ ਸੁਰੱਖਿਅਤ ਸਿਸਟਮਾਂ ਦੀ ਵਰਤੋਂ ਕੀਤੀ ਜਾਂਦੀ ਹੈ। UCL ਲਈ GDPR ਜੋ ਕਿ ਤੁਹਾਡੇ ਨਿੱਜੀ ਡੇਟਾ ਦੀ ਸੁਰੱਖਿਆ ਕਰਨ ਵਾਲਾ ਕਾਨੂੰਨ ਹੈ, ਦੇ ਅਨੁਸਾਰ ਤੁਹਾਡੀ ਜਾਣਕਾਰੀ ਦੀ ਦੇਖਭਾਲ ਕਰਨਾ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ, ਅਤੇ ਅਜਿਹਾ ਕਰਨ ਲਈ GDPR ਦੇ ਕਾਨੂੰਨੀ ਆਧਾਰ 'ਜਨਤਕ ਹਿੱਤ ਵਿੱਚ ਕਾਰਜ' ਦੀ ਵਰਤੋਂ ਕੀਤੀ ਜਾਂਦੀ ਹੈ।

ਅਧਿਐਨ ਦੇ ਗੋਪਨੀਯਤਾ ਨੋਟਿਸ ਸਮੇਤ ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ: gnestudy.info/privacy. ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ। ਜੇ ਤੁਹਾਨੂੰ ਇਸ ਗੱਲ ਦੀ ਚਿੰਤਾ ਹੈ ਕਿ ਅਧਿਐਨ ਲਈ ਤੁਹਾਡੇ ਨਿੱਜੀ ਡੇਟਾ ਨੂੰ ਕਿਵੇਂ ਪ੍ਰੋਸੈਸ ਕੀਤਾ ਜਾਂਦਾ ਹੈ, ਤਾਂ ਤੁਸੀਂ ਇੱਥੇ ਵੀ ਸੰਪਰਕ ਕਰ ਸਕਦੇ ਹੋ: UCL ਡੇਟਾ ਪ੍ਰੋਟੈਕਸ਼ਨ ਆਫ਼ਿਸ: data-protection@ucl.ac.uk. ਇਨਫਰਮੇਸ਼ਨ ਕਮਿਸ਼ਨਰਜ਼ ਆਫ਼ਿਸ: ico.org.uk

ਜੇ ਤੁਸੀਂ ਭਾਗ ਨਾ ਲੈਣ, ਜਾਂ ਅਧਿਐਨ ਵਿੱਚੋਂ ਵਿਦਡਰਾਅ ਕਰਨ ਦਾ ਫ਼ੈਸਲਾ ਕਰਦੇ ਹੋ ਤਾਂ ਕੀ ਹੋਵੇਗਾ?

ਭਾਗ ਲੈਣਾ ਜਾਂ ਨਾ ਲੈਣਾ ਤੁਹਾਡੀ ਮਰਜ਼ੀ ਹੈ। ਤੁਹਾਨੂੰ ਕਿਸੇ ਵੀ ਸਮੇਂ, ਬਿਨਾਂ ਕੋਈ ਕਾਰਨ ਦੱਸੇ , ਪੂਰੇ ਅਧਿਐਨ ਵਿੱਚੋਂ ਜਾਂ ਇਸਦੇ ਸਿਰਫ਼ ਕੁਝ ਹਿੱਸਿਆਂ ਵਿੱਚੋਂ ਵਿਦਡਰਾਅ ਕਰਨ ਦਾ ਅਧਿਕਾਰ ਹੈ ।

ਜੇ ਭਵਿੱਖ ਵਿੱਚ ਤੁਸੀਂ ਭਾਗ ਲੈਣਾ ਬੰਦ ਕਰਨ ਦਾ ਫ਼ੈਸਲਾ ਕਰਦੇ ਹੋ ਜਾਂ ਜੇ ਸਾਡਾ ਸੰਪਰਕ ਟੁੱਟ ਜਾਂਦਾ ਹੈ, ਤਾਂ ਅਸੀਂ ਤੁਹਾਡੇ ਦੁਆਰਾ ਪਹਿਲਾਂ ਹੀ ਪ੍ਰਦਾਨ ਕੀਤੀ ਗਈ ਅਧਿਐਨ ਜਾਣਕਾਰੀ ਨੂੰ ਖੋਜ ਲਈ ਵਰਤਣਾ ਜਾਰੀ ਰੱਖਾਂਗੇ।

ਜੇ ਤੁਸੀਂ ਬਿਲਕੁਲ ਵੀ ਭਾਗ ਨਾ ਲੈਣ ਦਾ ਫ਼ੈਸਲਾ ਕਰਦੇ ਹੋ, ਤਾਂ ਜਨਮ ਰਿਕਾਰਡਾਂ ਵਿੱਚੋਂ ਤੁਹਾਡਾ ਅਤੇ ਤੁਹਾਡੇ ਬੱਚੇ ਦਾ ਨਾਮ ਅਤੇ ਪਤਾ ਕਿਸੇ ਹੋਰ ਉਦੇਸ਼ ਲਈ ਨਾ ਤਾਂ ਰੱਖਿਆ ਜਾਵੇਗਾ ਅਤੇ ਨਾ ਹੀ ਵਰਤਿਆ ਜਾਵੇਗਾ। ਅਸੀਂ ਇਹ ਸਮਝਣ ਵਿੱਚ ਮਦਦ ਲਈ ਕਿ ਕੌਣ ਭਾਗ ਲੈਂਦਾ ਹੈ ਅਤੇ ਕੌਣ ਨਹੀਂ, ਜਨਮ ਰਿਕਾਰਡਾਂ ਤੋਂ ਹੋਰ ਸੀਮਤ ਜਨਸੰਖਿਆ ਸਬੰਧੀ ਜਾਣਕਾਰੀ ਦੀ ਵਰਤੋਂ ਕਰਾਂਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਤੀਜੇ UK ਦੇ ਵੱਖ-ਵੱਖ ਕਿਸਮਾਂ ਦੇ ਪਰਿਵਾਰਾਂ ਨੂੰ ਦਰਸਾਉਂਦੇ ਹਨ। ਇਸ ਤੋਂ ਬਾਅਦ ਅਸੀਂ ਇਹ ਜਾਣਕਾਰੀ ਵੀ ਸੁਰੱਖਿਅਤ ਢੰਗ ਨਾਲ ਮਿਟਾ ਦੇਵਾਂਗੇ।

ਅਧਿਐਨ ਨੂੰ ਕਿਸਨੇ ਮਨਜ਼ੂਰੀ ਦਿੱਤੀ ਹੈ?

ਇੱਕ ਸੁਤੰਤਰ **NHS ਰਿਸਰਚ ਐਥਿਕਸ ਕਮੇਟੀ** ਨੇ ਇਸ ਅਧਿਐਨ ਨੂੰ ਮਨਜ਼ੂਰੀ ਦਿੱਤੀ ਹੈ। ਇਹ ਤੁਹਾਡੀ ਸੁਰੱਖਿਆ, ਅਧਿਕਾਰਾਂ, ਤੰਦਰੁਸਤੀ ਅਤੇ ਸਨਮਾਨ ਦੀ ਰੱਖਿਆ ਕਰਨ ਲਈ ਵਚਨਬੱਧ ਲੋਕਾਂ ਦਾ ਇੱਕ ਸੁਤੰਤਰ ਗਰੁੱਪ ਹੈ।

ਮਦਦ ਅਤੇ ਸਲਾਹ

ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਆਪਣੇ ਬੱਚੇ ਅਤੇ ਮਾਤਾ ਜਾਂ ਪਿਤਾ ਵਜੋਂ ਆਪਣੀ ਜ਼ਿੰਦਗੀ ਬਾਰੇ ਸਵਾਲਾਂ ਦੇ ਜਵਾਬ ਦੇਣ ਵਿੱਚ ਖੁਸ਼ੀ ਹੋਵੇਗੀ। ਭਾਗ ਲੈਣ ਨਾਲ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ ਹੈ ਅਤੇ ਇਹ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀ ਕਿਸੇ ਵੀ ਸੇਵਾ ਜਾਂ ਦੇਖਭਾਲ ਨੂੰ ਕਦੇ ਵੀ ਪ੍ਰਭਾਵਿਤ ਨਹੀਂ ਕਰੇਗਾ। ਜੇ ਇੰਟਰਵਿਊ ਵਿਚਲੀ ਕੋਈ ਵੀ ਗੱਲ ਚਿੰਤਾਵਾਂ ਪੈਦਾ ਕਰਦੀ ਹੈ, ਤਾਂ ਅਜਿਹੀਆਂ ਸੰਸਥਾਵਾਂ ਹਨ, ਜੋ ਮਦਦ ਕਰ ਸਕਦੀਆਂ ਹਨ।

ਮਾਤਾ-ਪਿਤਾ ਲਈ ਆਮ ਸਲਾਹ ਅਤੇ ਸਹਾਇਤਾ ਲਈ:

ਹੋਮ-ਸਟਾਰਟ: home-start.org.uk 0116 464 5490, info@home-start.org.uk

ਪੈਸੇ ਸਬੰਧੀ ਮੁੱਦਿਆਂ ਬਾਰੇ ਸਲਾਹ ਅਤੇ ਸਹਾਇਤਾ ਲਈ:

ਸਿਟੀਜ਼ਨਸ ਐਡਵਾਈਸ ਬਿਊਰੋ: citizensadvice.org.uk

ਉਦਾਸੀ ਜਾਂ ਨਿਰਾਸ਼ਾ ਦੀਆਂ ਭਾਵਨਾਵਾਂ ਦਾ ਅਨੁਭਵ ਕਰਨ ਵੇਲੇ ਗੁਪਤ ਸਹਾਇਤਾ ਲਈ।

ਸਮੈਰਿਟਨਜ਼:samaritans.org, 116 123

ਘਰੇਲੂ ਹਿੰਸਾ/ਸ਼ੋਸ਼ਣ ਬਾਰੇ ਸਹਾਇਤਾ ਲਈ:

ਰਿਫਿਊਜ: refuge.org.uk, 0808 2000 247

ਰਿਸਪੈਕਟ: mensadviceline.org.uk, 0808 8010327

ਨਸ਼ਿਆਂ ਅਤੇ ਸ਼ਰਾਬ ਬਾਰੇ ਗੁਪਤ ਸਲਾਹ ਲਈ:

ਟਾਕ ਟੂ ਫਰੈਂਕ: talktofrank.com, ਟੈਕਸਟ 82111, 0300 123 6600, ਜਾਂ ਵੈਬਚੈਟ

ਸਿਹਤ ਸਬੰਧੀ ਚਿੰਤਾਵਾਂ ਬਾਰੇ ਸਲਾਹ ਲਈ: ਆਪਣੇ **ਸਥਾਨਕ GP ਜਾਂ ਹੈਲਥ ਵਿਜ਼ਿਟਰ ਨਾਲ ਸੰਪਰਕ ਕਰੋ।**

ਸਹਾਇਤਾ ਦੇ ਹੋਰ ਸਰੋਤ ਅਧਿਐਨ ਦੀ ਵੈੱਬਸਾਈਟ gnestudy.info 'ਤੇ ਮਿਲ ਸਕਦੇ ਹਨ।